## ਮੈਗਮਾ ਹਾਊਸਿੰਗ ਫਾਇਨਾਂਸ | ਕਰਜ਼ੇ ਦੀ ਮੁਹਲਤ (Moratorium) ਸੰਬੰਧੀ ਅਕਸਰ ਪੁੱਛੇ ਜਾਣ ਵਾਲੇ ਸਵਾਲ

1. **ਕਰਜ਼ੇ ਦੀ ਮੁਹਲਤ ਦੇ ਦਿਸ਼ਾ-ਨਿਰਦੇਸ਼ ਕਿ ਹਨ ਅਤੇ ਆਰ.ਬੀ.ਆਈ. ਕੋਵਿਡ 19 ਨਿਯੰਤਰਕ ਪੈਕੇਜ਼ ਅਧੀਨ ਕੀ ਰਾਹਤ ਦਿੱਤੀ ਗਈ ਹੈ?**

ਕਰਜ਼ੇ ਦੀ ਮੁਹਲਤ ਵਿਆਜ਼ / ਮੂਲ-ਰਾਸ਼ੀ / ਕਿਸ਼ਤਾਂ ਦੇ ਭੁਗਤਾਨ ਦਾ ਅਸਥਾਈ ਸਥਗਨ ਹੈ।ਆਰ.ਬੀ.ਆਈ. ਨੇ ਰਿਣਦਾਤਾਵਾਂ ਨੂੰ 1 ਮਾਰਚ 2020 ਤੋਂ 31 ਮਈ 2020 ਦੇ ਵਿੱਚ ਨਿਯਤ ਕਰਜ਼ਾ ਭੁਗਤਾਨ ਦੀਆਂ ਕਿਸ਼ਤਾਂ ਦੇ ਭੁਗਤਾਨ 'ਤੇ ਕਰਜ਼ੇ ਦੀ ਮੁਹਲਤ ਦਿੱਤੀ ਗਈ ਹੈ। ਹਾਲਾਂਕਿ, ਕਰਜ਼ੇ ਦੀ ਬਕਾਇਆ ਰਕਮ 'ਤੇ ਵਿਆਜ਼ ਮੁਲਤਵੀ ਜਾਂ ਮੁਹਲਤ ਮਿਆਦ ਦੇ ਲਈ ਵਸੂਲਿਆ ਜਾਵੇਗਾ।

2. **ਕਰਜ਼ੇ ਦੀ ਮੁਹਲਤ ਲਾਭ ਅਧੀਨ ਕਿਸ ਤਰ੍ਹਾਂ ਦੇ ਕਰਜ਼ੇ (ਲੋਨ) ਸ਼ਾਮਲ ਹਨ?**

ਮੈਗਮਾ ਹਾਊਸਿੰਗ ਫਾਇਨਾਂਸ ਵੱਲੋਂ ਪੇਸ਼ਕਸ਼ ਵਾਲੇ ਸਾਰੇ ਲੋਨਜੋ ਮਿਆਦੀ ਲੋਨ (ਟਰਮ ਲੋਨ) ਦੇ ਅਧੀਨ ਆਉਂਦੇ ਹਨ ਉਹ ਕਰਜ਼ਾ ਦੀ ਮੁਹਲਤ ਦੇ ਯੋਗ ਹਨ।

3. **ਕੀ ਕਰਜ਼ੇ ਦੀ ਮੁਹਲਤ ਵਿੱਚ ਮੇਰੀ ਮੂਲ-ਰਾਸ਼ੀ ਅਤੇ ਵਿਆਜ਼ ਦੋਵੇਂ ਸ਼ਾਮਲ ਹੋਣਗੇ?**

ਹਾਂ, ਇਹ ਮੂਲ-ਰਾਸ਼ੀ ਅਤੇ ਵਿਆਜ਼ ਦੋਵਾਂ ਦੇ ਲਾਗੂ ਹੋਵੇਗਾ।

4. **ਕੀ ਤੁਸੀਂ ਮਾਰਚ - 20 ਤੋਂ ਮਈ - 20 ਸਮੇਂ ਲਈ ਮੈਨੂੰ ਈ.ਐਮ.ਆਈ. ਦੀ ਛੋਟ ਦੇ ਰਹੇ ਹੋ?**

ਕਿਰਪਾ ਕਰਕੇ ਧਿਆਨ ਦਿਓ ਕਿ ਇਹ ਤੁਹਾਡੀ ਈ.ਐਮ.ਆਈ. ਦੀ ਸਿਰਫ਼ **ਮੁਲਤਵੀ** ਹੀ ਹੈ ਨਾ ਕਿ ਕੋਈ **ਛੋਟ**।ਕਰਜ਼ੇ ਦੀ ਮੁਹਲਤ ਦੀ ਮਿਆਦ ਦੇ ਦੌਰਾਨ ਵਿਆਜ਼ ਲਾਇਆ ਜਾਵੇਗਾ ਅਤੇ 31 ਮਈ 2020 ਨੂੰ ਬਕਾਇਆ ਮੂਲ-ਰਾਸ਼ੀ ਵਿੱਚ ਜੋੜਿਆ ਜਾਵੇਗਾ ਅਤੇ ਸੰਸ਼ੋਧਿਤ ਭੁਗਤਾਨ ਅਨੁਸੂਚੀ ਅਨੁਸਾਰ ਇਸਨੂੰ ਵਸੂਲਿਆ ਜਾਵੇਗਾ।

5. **ਕਿਸ਼ਤ ਮੁਹਲਤ ਦਾ ਲਾਹਾ ਲੈਣ ਲਈ ਕਿਸ ਪ੍ਰਕਿਰਿਆ ਦੀ ਪਾਲਣਾ ਕੀਤੀ ਜਾਵੇਗੀ?**

ਤੁਹਾਨੂੰ ਐੱਸ.ਐਮ.ਐੱਸ. ਰਾਹੀਂ ਕਰਜ਼ਾ ਮੁਹਲਤ ਸੰਬੰਧੀ ਸੂਚਨਾ ਪ੍ਰਾਪਤ ਹੋਵੇਗੀ।ਜੇਕਰ ਤੁਸੀਂ ਕਰਜ਼ਾ ਮੁਹਲਤ ਦੇ ਵਿਕਲਪ ਨੂੰ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਲੋਨ ਖਾਤਾ ਨੰਬਰ ਅਤੇ ਨਵੀਨਤਮ ਸੰਪਰਕ ਵੇਰਵਿਆਂ ਸਹਿਤਸਾਨੂੰcustomercare@magmahfc.co.in'ਤੇ ਈਮੇਲ ਭੇਜੋ। ਕਰਜ਼ਾ ਮੁਹਲਤ ਲਾਗੂ ਕੀਤੇ ਜਾਣ ਤੋਂ ਪਹਿਲਾਂ ਤੁਹਾਨੂੰ ਸਾਡੇ ਪ੍ਰਤੀਨਿਧੀ ਦੀ ਕਾਲ ਪ੍ਰਾਪਤ ਹੋਵੇਗੀ।

ਕਿਰਪਾ ਕਰਕੇ ਧਿਆਨ ਦਿਓ ਕਿ ਕਰਜ਼ਾ ਮੁਹਲਤ ਦੀ ਸੁਵਿਧਾ ਪ੍ਰਾਪਤ ਕਰਨ 'ਤੇ ਕਰਜ਼ ਦੀ ਮਿਆਦ 'ਤੇ ਤੁਹਾਨੂੰ ਵਾਧੂ ਵਿਆਜ਼ ਦੇਣਾ ਹੋਵੇਗਾਅਤੇ ਵਧੀ ਹੋਈ ਈ.ਐਮ.ਆਈ. ਜਾਂ ਕਿਸ਼ਤ ਦੇ ਜ਼ਰੀਏ ਇਸਨੂੰ ਵਸੂਲਿਆ ਜਾਵੇਗਾ।ਇਸ ਲਈ, ਜੇਕਰ ਤੁਸੀਂ ਕਰਜ਼ ਦਾ ਭੁਗਤਾਨ ਕਰਨ ਦੇ ਯੋਗ ਹੋ, ਤਾਂ ਅਸੀਂ ਤੁਹਾਨੂੰ ਮੌਜੂਦਾ ਅਨੁਸੂਚੀ ਅਨੁਸਾਰ ਭੁਗਤਾਨ ਦੇਣਾ ਜਾਰੀ ਰੱਖਣ ਦੀ ਸਲਾਹ ਦਿੰਦੇ ਹਾਂ।

6. **ਕਰਜ਼ ਮੁਹਲਤ ਦੀ ਸੁਵਿਧਾ ਦਾ ਲਾਹਾ ਲੈਣ ਲਈ ਕੀ ਮੈਨੂੰ ਕੋਈ ਦਸਤਾਵੇਜ਼ ਦੇਣ ਦੀ ਲੋੜ ਹੋਵੇਗੀ?**

ਕਿਸੇ ਵੀ ਦਸਤਾਵੇਜ਼ ਦੀ ਲੋੜ ਨਹੀਂ ਹੈ। ਉਪਰੋਕਤ ਵਰਣਨ ਕੀਤੇ ਅਨੁਸਾਰ ਤੁਹਾਡੇ ਵੱਲੋਂ ਸਾਨੂੰ ਈਮੇਲ ਭੇਜਣ ਤੋਂ ਬਾਅਦ ਤੁਹਾਨੂੰ ਸਾਡੇ ਪ੍ਰਤੀਨਿਧੀ ਦੀ ਕਾਲ ਆਵੇਗੀ।ਤੁਸੀਂ ਸਾਡੇ ਪ੍ਰਤੀਨਿਧੀ ਦੇ ਨਾਲ ਆਪਣੀ ਕੋਈ ਵਿਸ਼ੇਸ਼ ਪੁੱਛਗਿੱਛ ਕਰ ਸਕਦੇ ਹੋ।

7. **ਕਰਜ਼ ਮੁਹਲਤ ਦਾ ਵਿਕਲਪ ਚੁਣਨ 'ਤੇ ਮੇਰੇ ਲੋਨ ਉੱਤੇ ਕੀ ਪ੍ਰਭਾਵ ਪਵੇਗਾ?**

ਮੁਹਲਤ ਮਿਆਦ ਦੌਰਾਨ ਕਰਜ਼ੇ ਦੇ ਬਕਾਏ 'ਤੇ ਵਿਆਜ਼ ਜੁੜਦਾ ਰਹੇਗਾ। ਇਸ ਵਾਧੂ ਵਿਆਜ਼ ਨੂੰ ਪੂੰਜੀਕਿਰਤ ਕੀਤਾ ਜਾਵੇਗਾ ਅਤੇ ਇੱਕ ਸੰਸ਼ੋਧਿਤ ਭੁਗਤਾਨ ਅਨੁਸੂਚੀ ਤਿਆਰ ਕੀਤੀ ਜਾਵੇਗੀ। ਇਸਦੇ ਨਤੀਜੇ ਵਜੋਂ ਈ.ਐਮ.ਆਈ. ਅਤੇ / ਜਾਂ ਬਕਾਇਆ ਕਿਸ਼ਤ ਬਦਲੀ ਜਾ ਸਕਦੀ ਹੈ।

8. **ਕਰਜ਼ ਮੁਹਲਤ ਖਤਮ ਹੋਣ ਤੋਂ ਬਾਅਦ, ਕੀ ਮੈਨੂੰ ਸਭ 3 ਈ.ਆਈ.ਆਈ. ਦਾ ਭੁਗਤਾਨ ਇੱਕੋ ਵਾਰ ਵਿੱਚ ਕਰਨਾ ਹੋਵੇਗਾ?**

ਕਰਜ਼ਦਾਰਨੂੰ ਸੰਸ਼ੋਧਿਤ ਭੁਗਤਾਨ ਅਨੁਸੂਚੀ ਅਨੁਸਾਰ ਈ.ਐਮ.ਆਈ. ਦਾ ਭੁਗਤਾਨ ਕਰਨਾ ਹੋਵੇਗਾ ਅਤੇ ਜੂਨ 20 ਵਿੱਚ ਹੀ ਸਭ ਈ.ਐਮ.ਆਈ. ਦਾ ਭੁਗਤਾਨ ਕਰਨਾ ਜ਼ਰੂਰੀ ਨਹੀਂ ਹੈ। ਹਲਾਂਕਿ, ਤੁਸੀਂ ਜੂਨ 20 ਵਿੱਚ 3 ਈ.ਐਮ.ਆਈ. ਦਾ ਭੁਗਤਾਨ ਕਰਨ ਦਾ ਵਿਕਲਪ ਚੁਣ ਸਕਦੀ ਹੋ।

9. **ਮੇਰੀ ਵਿੱਤੀ ਸਥਿਤੀ 'ਤੇ ਪ੍ਰਭਾਵ ਨਹੀਂ ਪਿਆ ਹੈ ਅਤੇ ਇਸ ਲਈ ਮੈਂ ਕਰਜ਼ ਮੁਹਲਤ ਦੀ ਸੁਵਿਧਾ ਨਹੀਂ ਲੈਣਾ ਚਾਹੁੰਦਾ ਹਾਂ ਅਤੇ ਪਹਿਲਾਂ ਵਾਂਗ ਹੀ ਈ.ਐਮ.ਆਈ. ਦਾ ਭੁਗਤਾਨ ਕਰਨਾ ਜਾਰੀ ਰੱਖਣਾ ਚਾਹੀਦਾ ਹੈ। ਕੀ ਮੈਂ ਇਸ ਤਰ੍ਹਾਂ ਕਰ ਸਕਦਾ ਹਾਂ?**

ਜੇਕਰ ਤੁਹਾਡੀ ਵਿੱਤੀ ਸਥਿਤੀ ਪ੍ਰਭਾਵਿਤ ਨਹੀਂ ਹੋਈ ਹੈ ਜਾਂ ਤੁਸੀਂ ਵਾਧੂ ਵਿਆਜ਼ ਦਾ ਭੁਗਤਾਨ ਨਹੀਂ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਮੌਜੂਦਾ ਸ਼ਰਤਾਂ ਅਨੁਸਾਰ ਭੁਗਤਾਨ ਕਰਨਾ ਜਾਰੀ ਰੱਖੋ। ਤੁਹਾਡੀ ਅਨੁਸੂਚੀ ਅਨੁਸਾਰ ਤੁਹਾਨੂੰ ਈ.ਐਮ.ਆਈ. ਭੁਗਤਾਨ ਦਾ ਲੇਖਾ-ਜੋਖਾ ਪੇਸ਼ ਕੀਤਾ ਜਾਵੇਗਾ। ਅਸੀਂ ਢੁਕਵਾਂ ਫੰਡ ਰੱਖਣ ਵਾਲੇ ਗਾਹਕਾਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਇਸ ਮਿਆਦ ਦੌਰਾਨ ਤੁਸੀਂ ਭੁਗਤਾਨ ਕਰਨਾ ਜਾਰੀ ਰੱਖੋ ਤਾਂ ਕਿ ਤੁਸੀਂ ਵਾਧੂ ਵਿਆਜ਼ ਦੇ ਖ਼ਰਚੇ ਅਤੇ ਕਿਸ਼ਤ ਦੇ ਵਾਧੇ ਤੋਂ ਬਚ ਸਕੋ।

10. **ਈ.ਐਮ.ਆਈ. ਦਾ ਭੁਗਤਾਨ ਨਾ ਟੀਕੇ ਜਾਣ ਦੇ ਕਾਰਨ ਕੀ ਮੇਰੇ CIBIL ਸਕੋਰ 'ਤੇ ਪ੍ਰਭਾਵ ਪਵੇਗਾ?**

ਕਰਜ਼ ਮੁਹਲਤ ਮਿਆਦ (ਮਾਰਚ ਤੋਂ ਮਈ 20 ਤੱਕ) ਦੇ ਦੌਰਾਨ ਈ.ਐਮ.ਆਈ. ਦਾ ਭੁਗਤਾਨ ਨਾ ਕਰਨ 'ਤੇ ਤੁਹਾਡੇ ਕ੍ਰੈਡਿਟ ਵਿਵਰਣ 'ਤੇ ਕੋਈ ਪ੍ਰਤਿਕੂਲ ਪ੍ਰਭਾਵ ਨਹੀਂ ਪਵੇਗਾ।
ਹਾਲਾਂਕਿ, 1 ਮਾਰਚ 2020 ਤੋਂ ਪਹਿਲਾਂ, ਜੇਕਰ ਕੋਈ ਬਕਾਇਆ (ਓਵਰਡੀਊ) ਸੀ, ਤਾਂ ਇਸ ਸਮਾਂ ਅਵਧੀ ਵਿੱਚ ਤੁਹਾਡੇ CIBIL 'ਤੇ ਇਹ ਪ੍ਰਭਾਵਿਤ ਰਹੇਗਾ। ਇਸ ਲਈ, ਤੁਹਾਨੂੰ ਬੇਨਤੀ ਹੈ ਕਿ ਛੇਤੀ ਤੋਂ ਛੇਤੀ ਬਕਾਏ ਦਾ ਭੁਗਤਾਨ ਕਰ ਦਿਓ।

11. **ਰਾਹਤ ਮਿਆਦ / ਕਰਜ਼ਾ ਮੁਹਲਤ ਪੂਰਾ ਹੋਣ ਤੋਂ ਬਾਅਦ ਕੀ ਹੋਵੇਗਾ?**

ਰਾਹਤ ਮਿਆਦ ਖਤਮ ਹੋ ਜਾਣ 'ਤੇ, 31 ਮਈ 20 ਦੇ ਅਨੁਸਾਰ ਬਕਾਇਆ ਮੂਲ-ਰਾਸ਼ੀ ਵਿੱਚ ਵਾਧੂ ਵਿਆਜ਼ ਜੋੜਿਆ ਜਾਵੇਗਾ ਅਤੇ ਤੁਹਾਡੀ ਬਕਾਇਆ ਕਰਜ਼ ਕਿਸ਼ਤ ਵਿੱਚ 3 ਮਹੀਨੇ ਦੀ ਮੁਹਲਤ ਮਿਆਦ ਜੋੜ ਦਿੱਤੀ ਜਾਵੇਗੀਅਤੇ ਇੱਕ ਸੰਸ਼ੋਧਿਤ ਭੁਗਤਾਨ ਅਨੁਸੂਚੀ ਤਿਆਰ ਕੀਤੀ ਜਾਵੇਗੀ। ਇਸ ਨਾਲ ਤੁਹਾਡੀ ਈ.ਐਮ.ਆਈ. ਵਿੱਚ ਵਾਧਾ ਜ਼ਰੂਰ ਹੋ ਸਕਦਾ ਹੈ।

**ਹੇਠਾਂ ਦਿੱਤੀ ਗਈ ਉਦਾਹਰਨ ਵਿੱਚ ਪ੍ਰਭਾਵ ਦਰਸਾਇਆ ਗਿਆ ਹੈ:**

| ਲੋਨ ਰਾਸ਼ੀ | ਵਿਆਜ਼ ਦਰ | ਮੌਜੂਦਾ ਕਿਸ਼ਤ | | ਸੰਸ਼ੋਧਿਤ ਕਿਸ਼ਤ | |
|---|---|---|---|---|---|
| | | ਮੌਜੂਦਾ ਈ.ਐਮ.ਆਈ. | ਮੌਜੂਦਾ ਕਰਜ਼ ਮਿਆਦ | ਸੰਸ਼ੋਧਿਤਈ.ਐਮ.ਆਈ. | ਸੰਸ਼ੋਧਿਤ ਮਿਆਦ |
| ₹11.85 ਲੱਖ | 12.80% | ₹14,222/- | 204 ਮਹੀਨੇ | ₹14,665/- | 207 ਮਹੀਨੇ |

**ਕਰਜ਼ ਮੁਹਲਤ ਵਿਕਲਪ ਚੁਣਨ 'ਤੇ ਵਧੀਕ ਵਿਆਜ਼ ਰਾਸ਼ੀ ਦਾ ਭੁਗਤਾਨ: ₹1,94,351/-**

12. **ਜੇਕਰ ਮੈਂ ਕਰਜ਼ ਮੁਹਲਤ ਦੀ ਸੁਵਿਧਾ ਦੀ ਚੋਣ ਕਰਦਾ ਹਾਂ, ਤਾਂ ਮੇਰੇ ਲੋਨ ਖਾਤੇ ਦੀ ਮੌਜੂਦਾ ਪੂਰਵ-ਅਨੁਸੂਚੀ ACH/ECS/ਸਟੈਂਡਿੰਗ ਇੰਸਟ੍ਰਕਸ਼ਨਸ/PDCs ਦਾ ਕੀ ਹੋਵੇਗਾ?ਕੀ ਇਹ ਵਧੀ ਹੋਈ ਮਿਆਦ ਲਈ ਮੈਨੂੰ ਦੁਬਾਰਾ ACH/PDCsਜਮ੍ਹਾਂ ਕਰਨਾ ਪਵੇਗਾ?**

ਹਾਲੇ ਤੱਕ ਦੀ ਜਾਣਕਾਰੀ ਅਨੁਸਾਰ ਤੁਹਾਨੂੰ ਮੁੜ ਤੋਂ ACH/ECS/ SI/PDCਜਮ੍ਹਾਂ ਕਰਨ ਦੀ ਲੋੜ ਨਹੀਂ ਹੈ। ਜੇਕਰ ਅੱਗੇ ਇਸਦੀ ਜ਼ਰੂਰਤ ਹੁੰਦੀ ਹੈ, ਤਾਂ ਸਾਡਾ ਪ੍ਰਤੀਨਿਧੀ ਤੁਹਾਡੇ ਨਾਲ ਸੰਪਰਕ ਕਰੇਗਾ।

13. **ਮੈਨੂੰ ਕਰਜ਼ ਮੁਹਲਤ ਦੀ ਸੁਵਿਧਾ ਦਿੱਤੀ ਗਈ ਹੈ, ਇਸ ਬਾਰੇ ਵਿੱਚ ਮੈਨੂੰ ਕਿਵੇਂ ਪਤਾ ਚੱਲੇਗਾ?**

ਵੱਖ-ਵੱਖ ਜ਼ਰੀਏ ਜਿਵੇਂ ਕਿ ਐੱਸ.ਐਮ.ਐੱਸ. / ਈਮੇਲ ਦੇ ਰਾਹੀਂ ਤੁਹਾਨੂੰ ਇਸਦੀ ਪੁਸ਼ਟੀ ਦਿਤੀ ਜਾਵੇਗੀ ਅਤੇ ਇੱਕ ਸੰਸ਼ੋਧਿਤ ਭੁਗਤਾਨ ਅਨੁਸੂਚੀ ਤੁਹਾਡੇ ਨਾਲ ਸਾਂਝੀ ਕੀਤੀ ਜਾਵੇਗੀ।

14. **ਮੈਂ ਮੈਗਮਾ ਤੋਂ ਕਈ ਲੋਨ ਲਏ ਹੋਏ ਹਨ। ਕੀ ਮੈਨੂੰ ਸਾਰੇ ਲੋਨਾਂ 'ਤੇ ਸੁਵਿਧਾਵਾਂ ਮਿਲਣਗੀਆਂ?**

ਹਾਂ, ਕਰਜ਼ ਮੁਹਲਤ ਸਾਰੇ ਲੋਨਾਂ ਲਈ ਲਾਗੂ ਹੋਣ ਯੋਗ ਹੈ।

15. **ਕੀ ਇਨ੍ਹਾਂ 3 ਮਹੀਨਿਆਂ ਦੌਰਾਨ ਮੇਰੇ ਖਾਤੇ ਵਿੱਚੋਂ ਓਵਰਡਰਾਫਟ (OD) 'ਤੇ ਕੋਈ ਖਰਚਾ ਅਤੇ ਚੈੱਕ ਬਾਉਂਸ ਹੋਣ 'ਤੇ ਕੋਈ ਖਰਚਾ ਲਿਆ ਜਾਵੇਗਾ?**

1ਮਾਰਚ 2020 ਤੋਂ 31 ਮਈ 2020 ਤੱਕ 3 ਮਹੀਨੇ ਦੇ ਲਈ ਬਕਾਇਆ ਰਾਸ਼ੀ 'ਤੇ ਨਿਯਤ ਈ.ਐਮ.ਆਈ. / ਵਿਆਜ਼ ਦੇ ਲਈ **ਕੋਈ ਦੇਰੀ ਨਾਲ ਭੁਗਤਾਨ ਖਰਚਾ ਜਾਂ ਚੈੱਕ ਬਾਉਂਸ ਖਰਚਾ ਨਹੀਂ** ਲਿਆ ਜਾਵੇਗਾ।
ਹਲਾਂਕਿ, 1 ਮਾਰਚ 2020 ਤੋਂ ਪਹਿਲਾਂ ਦਾ ਭੁਗਤਾਨ ਬਕਾਇਆ ਹੈ, ਉਸ ਉੱਤੇ ਦੇਰੀ ਭੁਗਤਾਨ ਖਰਚਾ ਲਗਾਇਆ ਜਾਣਾ ਜਾਰੀ ਰਹੇਗਾ।

16. **ਅਪ੍ਰੈਲ / ਮਈ ਮਹੀਨੇ ਦੇ ਲਈ ਈ.ਐਮ.ਆਈ. ਪਹਿਲਾਂ ਦੀ ਕੱਟ ਲਈ ਜਾਣ ਤੋਂ ਬਾਅਦ ਮੈਂ ਕਰਜ਼ ਮੁਹਲਤ ਦੀ ਬੇਨਤੀ ਕਰਦਾ ਹਾਂ, ਤਾਂ ਕੀ ਹੋਵੇਗਾ?**

ਅਪ੍ਰੈਲ 2020 / ਮਈ 2020 ਵਿੱਚ ਤੁਸੀਂ ਆਪਣੀ ਨਿਯਤ ਲੋਨ ਈ.ਐਮ.ਆਈ. ਦਾ ਭੁਗਤਾਨ ਕਰ ਦਿੱਤਾ ਹੈ, ਤਾਂ ਲਈ ਗਈ ਈ.ਐਮ.ਆਈ. ਨੂੰ ਤੁਹਾਡੇ ਲੋਨ ਵਿੱਚ ਲਾਗੂ ਕੀਤਾ ਜਾਵੇਗਾ ਅਤੇ ਇਸ ਲਈ ਕਰਜ਼ ਮੁਹਲਤ ਲਾਗੂ ਨਹੀਂ ਹੋਵੇਗਾ।

17. **ਕੀ ਮੈਂ ਅਪ੍ਰੈਲ ਅਤੇ ਮਈ ਮਹੀਨੇ ਦੇ ਲਈ ਜਾਂ ਸਿਰਫ਼ ਮਈ ਮਹੀਨੇ ਦੇ ਲਈ ਕਰਜ਼ ਮੁਹਲਤ ਦੀ ਸੁਵਿਧਾ ਲੈ ਸਕਦਾ ਹਾਂ, ਜੇਕਰ ਮੈਂ ਇਸਨੂੰ ਮਾਰਚ ਜਾਂ ਮਾਰਚ ਅਤੇ ਅਪ੍ਰੈਲ ਮਹੀਨਿਆਂ ਦੇ ਲਈ ਇਸ ਵਿਕਲਪ ਨੂੰ ਨਹੀਂ ਲਿਆ ਹੈ?**

ਹਾਂ, ਤੁਸੀਂ ਇੱਕ ਜਾਂ ਦੋ ਮਹੀਨਿਆਂ ਦੇ ਲਈ ਕਰਜ਼ ਮੁਹਲਤ ਦੀ ਸੁਵਿਧਾ ਲੈ ਸਕਦੇ ਹੋ।

18. **ਜੇਕਰ ਤੁਸੀਂ ਇਸ ਵਧੀਕ ਮਿਆਦ ਨੂੰ ਲੈਂਦੇ ਹੋ, ਤਾਂ ਮੈਨੂੰ ਉੱਚ ਵਿਆਜ਼ ਦਰ ਦੇਣਾ ਹੋਵੇਗਾ?**

ਨਹੀਂ, ਇਸ ਕਰਜ਼ ਮੁਹਲਤ ਦੇ ਲਈ ਵਿਆਜ਼ ਡਰ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ।

19. **ਆਰ.ਬੀ.ਆਈ. ਨੇ ਰੇਪੋ ਦਰ ਘੱਟ ਕੀਤਾ ਹੈ। ਮੈਗਮਾ ਦੁਆਰਾ ਕਿੰਨਾਂ ROI (ਵਿਆਜ਼ ਦਰ) ਘੱਟ ਕੀਤਾ ਜਾਵੇਗਾ?**

ਰੇਪੋ ਦਰ ਬੈਂਕਾਂ 'ਤੇ ਲਾਗੂ ਹੋਣ ਯੋਗ ਹੈ, HFCs 'ਤੇ ਨਹੀਂ। ਜਦੋਂ ਮੈਗਮਾ ਆਪਣੇ PLR ਵਿੱਚ ਬਦਲਾਅ / ਕਮੀਕਰੇਗੀ ਤਾਂ ਇਹ ਗਾਹਕ ਦੇ ਲੋਨ ਖਾਤੇ 'ਤੇ ਲਾਗੂ ਹੋਵੇਗਾ।

20. **ਕਰਜ਼ ਮੁਹਲਤ ਦਾ ਵਿਕਲਪ ਚੁਣਨ 'ਤੇ ਪਰ ਕਰਜ਼ ਇਕਰਾਰਨਾਮੇ ਦੇ ਨਿਯਮ ਅਤੇ ਸਿਰਤਾਂ ਵਿੱਚ ਬਦਲਾਅ ਆਵੇਗਾ?**

ਨਹੀਂ, ਭੁਗਤਾਨ ਅਨੁਸੂਚੀ ਵਿੱਚ ਬਦਲਾਅ ਆਉਣ ਤੋਂ ਇਲਾਵਾ, ਕਰਜ਼ ਇਕਰਾਰਨਾਮੇ ਅਤੇ ਕਿਸ਼ਤਾਂ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ।

21. **ਜੇਕਰ ਕੋਈ ਮੈਗਮਾ ਕਰਮਚਾਰੀ ਜਾਂ ਇਸਦਾ ਕਲੈਕਸ਼ਨ ਪ੍ਰਤੀਨਿਧੀ ਭੁਗਤਾਨ ਪ੍ਰਾਪਤ ਕਰਨ ਦੇ ਲਈ ਆਉਂਦਾ ਹੈ, ਤਾਂ ਕੀ ਗਾਹਕ ਨੂੰ ਈ.ਐਮ.ਆਈ. ਦਾ ਭੁਗਤਾਨ ਕਰਨਾ ਚਾਹੀਦਾ ਹੈ?**

ਹਾਂ, ਤੁਸੀਂ ਹਮੇਸ਼ਾਂ ਹੀ ਅਧਿਕਰਿਤ ਮੈਗਮਾ ਕਰਮਚਾਰੀ ਜਾਂ ਕਲੈਕਸ਼ਨ ਪ੍ਰਤੀਨਿਧੀ ਨੂੰ ਭੁਗਤਾਨ ਕਰ ਸਕਦੇ ਹੋ।